# ਜੀ ਆਇਆਂ ਨੂੰ

ਲੰਮੇ ਪੈਂਡੇ ਮਾਰ ਕੇ ਆਏ ਪੰਜਾਬੀ ਪ੍ਰੇਮੀਓ ਅਤੇ ਹੋਰ ਮਿੱਤਰੋ ਤੁਹਾਡੀ ਛੋਹ ਪਾਕੇ ਅੱਜ ਸਾਡਾ ਸ਼ਹਿਰ ਪ੍ਰਿੰਸ ਜਾਰਜ ਧਨ ਹੋ ਗਿਆ ਹੈ। ਇਹ ਹਰੀਆਂ ਭਰੀਆਂ ਵਾਦੀਆਂ ਨਾਲ ਘਿਰਿਆ ਵੈਨਕੂਵਰ ਤੋਂ ਉੱਤਰੀ ਦਿਸ਼ਾ ਵਿਚ ੮੦੦ ਕਿਲੋਮੀਟਰ ਦੀ ਦੂਰੀ ਤੇ ਵੱਸਿਆ ਇਹ ਸ਼ਹਿਰ ਸੂਬਾ ਬ੍ਰਿਟਿਸ਼ ਕੁਲੰਬੀਆ ਦੀ ਉੱਤਰੀ ਰਾਜਧਾਨੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਦੀ ਕੁੱਲ ਆਬਾਦੀ ੭੫੦੦੦ ਦੇ ਕਰੀਬ ਹੈ ਜਿਸ ਵਿਚ ੪੦੦ ਦੇ ਕਰੀਬ ਪੰਜਾਬੀ ਪਿਛੋਕੜ ਵਾਲੇ ਪਰਿਵਾਰ ਵਸਦੇ ਹਨ। ਇਥੋਂ ਦੀ ਆਰਥਿਕਤਾ ਅਤੇ ਮੁੱਖ ਧੰਦੇ ਜੰਗਲਾਤ ਨਾਲ ਸੰਬੰਧਤ ਕੰਮਾਂ ਉਤੇ ਹੀ ਆਧਾਰਤ ਹਨ। ਪੰਜਾਬੀ ਭਾਈਚਾਰਾ ਵੀ ਬਹੁਤਾ ਕਰਕੇ ਵਿਚ ਲੱਕੜ ਮਿੱਲ੍ਹਾਂ ਵਿਚ ਹੀ ਕੰਮ ਕਰਦਾ ਹੈ। ਪ੍ਰਿੰਸ ਜਾਰਜ ਦੇ ਨੇੜੇ ਵਸੇ ਸ਼ਹਿਰਾਂ ਨੂੰ ਮਿਲਾਕੇ ਇਸ ਇਲਾਕੇ ਵਿਚ ੫੦੦੦ ਪੰਜਾਬੀ ਆਬਾਦੀ ਹੈ। ਪੰਜਾਬੀ ਜਿੱਥੇ ਵੀ ਗਏ ਹਮੇਸ਼ਾ ਹੱਕ ਅਤੇ ਸੱਚ ਦੀ ਆਵਾਜ਼ ਨੂੰ ਬੁਲੰਦ ਕਰਨ ਵਾਸਤੇ ਮੂਹਰਲੀਆਂ ਸਫਾਂ ਵਿਚ ਰਹੇ ਹਨ। ਕਨੇਡਾ ਦਾ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਪੰਜਾਬੀਆਂ ਨੇ ਕਨੇਡਾ ਵਿਚ ਨਸਲਵਾਦ ਖਿਲਾਫ ਅਤੇ ਭਾਰਤ ਵਿਚ ਬਰਤਾਨਵੀ ਸਾਮਰਾਜ ਖਿਲਾਫ ਲਗਾਤਾਰ ਜਦੋਜਹਿਦਾਂ ਕੀਤੀਆਂ ਹਨ। ਸਾਨੂੰ ਮਾਣ ਹੈ ਕਿ ਇਸ ਸਾਲ ਅਸੀਂ ਗਦਰ ਪਾਰਟੀ ਦੀ ੯੦ਵੀਂ ਵਰ੍ਹੇਗੰਢ ਮਨਾ ਰਹੇ ਹਾਂ। ਜਿਸ ਪਾਰਟੀ ਦੇ ਝੰਡੇ ਥੱਲੇ ਸੱਭ ਧਰਮਾਂ, ਕੌਮਾਂ, ਜਾਤਾਂ ਜਾਂ ਖਿਆਲਾਂ ਵਾਲਿਆਂ ਨੇ ਸਾਂਝੇ ਤੌਰ ਤੇ ਨਸਲਵਾਦ ਅਤੇ ਸਾਮਰਾਜ ਖਿਲਾਫ ਘੋਲ ਕੀਤੇ। ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਅੱਜ ਅਸੀਂ ਬਾਕੀ ਕੌਮਾਂ ਦੇ ਬਰਾਬਰ ਸਿਰ ਉਚਾ ਕਰਕੇ ਇਸ ਜ਼ਮੀਨ, ਇਸ ਦੇਸ਼ ਵਿਚ ਵਿਚਰਦੇ ਹਾਂ। ਸਾਡੇ ਬਜ਼ੁਰਗ, ਜਿਨ੍ਹਾਂ ਨੇ ਕੁਰਬਾਨੀਆਂ ਕਰਕੇ ਇਹ ਵਿਰਸਾ ਸਾਡੀ ਝੋਲੀ ਪਾਇਆ, ਅਸੀਂ ਉਨ੍ਹਾਂ ਨੂੰ ਸਲਾਮ ਕਰਦੇ ਹਾਂ।

ਅਦਾਰਾ ਸਾਊਥ ਏਸ਼ੀਅਨ ਰਿਵੀਊ ਅਤੇ ਸਾਹਿਤ ਸਭਾ ਪ੍ਰਿੰਸ ਜਾਰਜ ਨੇ ਅਗਸਤ ੨੦੦੦ ਵਿਚ ਪਹਿਲੀ ਸਫਲ ਵਿਸ਼ਵ ਪੰਜਾਬੀ ਕਾਨਫਰੰਸ ਆਯੋਜਿਤ ਕੀਤੀ। ਅੱਜ ਦੇ ਇਕੱਠ ਵਿਚੋਂ ਬਹੁਤੇ ਦਾਨਿਸ਼ਵਰ ਗਵਾਹ ਹਨ ਕਿ ਉਸ ਕਾਨਫਰੰਸ ਵਿਚ ਹਰ ਮਤਾ ਪੰਜਾਬੀ ਕੌਮ ਦੇ ਸੰਕਲਪ ਨੂੰ ਮੁੱਖ ਰਖਕੇ ਸਾਹਮਣੇ ਆਇਆ ਸੀ। ਉਸਤੋਂ ਬਾਦ ਅਸੀਂ ਦਾਨਿਸ਼ਵਰਾਂ ਨਾਲ ਥਾਂ ਥਾਂ ਪੰਜਾਬੀ ਕੌਮ ਦੇ ਸੰਦਰਭ ਵਿਚ ਗੋਸ਼ਟੀਆਂ ਵੀ ਕੀਤੀਆਂ। ਆਪਣੇ ਪਰਚੇ ਵਿਚ ਇਸ ਵਿਸ਼ੇ ਦੀ ਚਰਚਾ ਵੀ ਕੀਤੀ। ਅਸੀਂ ਪੰਜਾਬੀ ਵਾਸਤੇ ਜੂਝ ਰਹੀਆਂ ਜੱਥੇਬੰਦੀਆਂ ਅਤੇ ਵਿਅਕਤੀਆਂ ਨਾਲ ਸੰਪਰਕ ਹੋਰ ਗੂੜ੍ਹੇ ਕੀਤੇ ਜਿਨ੍ਹਾਂ ਵਿਚੋਂ ਅਕੈਡਮੀ ਆਫ ਪੰਜਾਬ ਇਨ ਨਾਰਥ ਅਮੈਰੀਕਾ(ਅਪਨਾ) ਅਤੇ ਪੰਜਾਬੀ ਸੱਥ ਲਾਂਬੜਾ ਦਾ ਨਾਮ ਵਿਸ਼ੇਸ਼ ਤੌਰ ਤੇ ਵਰਨਣ ਯੋਗ ਹੈ। ਇਨ੍ਹਾਂ ਸੱਭ ਲੋਕਾਂ ਨੇ ਸਾਨੂੰ ਦੂਜੀ ਵਿਸ਼ਵ ਪੰਜਾਬੀ ਕਾਨਫਰੰਸ ਕਰਾਉਣ ਵਾਸਤੇ ਉਤਸ਼ਾਹਿਤ ਕੀਤਾ। ਇਸ ਕਾਨਫਰੰਸ ਵਿਚ ਅਸੀਂ ਦੁਨੀਆ ਵਿਚ ੧੫ ਕਰੋੜ ਪੰਜਾਬੀਆਂ ਦੀ ਏਕਤਾ ਨੂੰ ਮੁੱਖ ਰੱਖਦਿਆਂ ਅਤੇ ਪੰਜਾਬੀ ਭਾਸ਼ਾ ਦੀ ਤਰੱਕੀ ਵਾਸਤੇ ਇਸ ਕਾਨਫਰੰਸ ਦਾ ਮੁੱਖ ਵਿਸ਼ਾ ਰੱਖਿਆ ਹੈ ਃ-ਇਕੀਵੀਂ ਸਦੀ ਵਿਚ ਕੌਮਾਂ ਦੀ ਉਸਾਰੀ ਅਤੇ ਪੰਜਾਬੀ ਕੌਮ ਦਾ ਸੁਆਲ

ਦੁਨੀਆਂ ਭਰ ਵਿਚੋਂ ਆਏ ਹੋਏ ਦਾਨਿਸ਼ਵਰੋ ਤੁਹਾਡਾ ਵੱਡੀ ਗਿਣਤੀ ਵਿਚ ਇਥੇ ਪੁੱਜਣਾ ਸਾਨੂੰ ਇਹ ਸੁਨੇਹਾਂ ਦਿੰਦਾ ਹੈ ਕਿ ਅੱਜ ਪੰਜਾਬੀ ਕੌਮ, ਬੋਲੀ ਅਤੇ ਸਭਿਆਚਾਰ ਨੂੰ ਢਾਹ ਲੱਗ ਰਹੀ ਹੈ। ਸਾਡਾ ਇਸ ਬਾਰੇ ਚਿੰਤਤ ਹੋਣਾ ਸਭਾਵਿਕ ਹੀ ਹੈ। ਜਿਥੇ ਹੋਰ ਕੌਮਾਂ ਆਪਣੀ ਹੋਂਦ ਵਾਸਤੇ ਜਦੋਜਹਿਦ ਕਰ ਰਹੀਆਂ ਹਨ ਉਥੇ ਪੰਜਾਬੀ ਕੌਮ ਦੀ ਹੋਂਦ ਨੂੰ ਸਵੀਕਾਰਿਆ ਨਹੀਂ ਜਾ ਰਿਹਾ। ਜਿਸ ਕੌਮ ਦੀ ਹੋਂਦ ਉਤੇ ਹੀ ਵੱਡੇ ਵੱਡੇ ਸਵਾਲੀਆ ਨਿਸ਼ਾਨ ਲੱਗੇ ਹੋਣ ਉਹਦੀ ਬੋਲੀ, ਸਭਿਆਚਾਰ, ਸਾਹਿਤ, ਸੰਗੀਤ ਅਤੇ ਦਰਸ਼ਨ ਦਾ ਭਵਿਖ ਕੀ ਹੋਵੇਗਾ? ਉਮੀਦ ਹੈ ਕਿ ਇਹ ਚਾਰ ਰੋਜ਼ਾ ਪੰਜਾਬੀ ਕਾਨਫਰੰਸ ਇਨ੍ਹਾਂ ਸਵਾਲਾਂ ਨੂੰ ਜ਼ਰੂਰ ਨਜਿੱਠੇਗੀ ਅਤੇ ਇਨ੍ਹਾ ਸਮੱਸਿਆਂਵਾਂ ਦਾ ਹੱਲ ਲੱਭਣ ਵਾਸਤੇ ਯਤਨ ਕਰੇਗੀ।

ਸਾਨੂੰ ਇਸ ਗਲ ਦਾ ਮਾਣ ਹੈ ਕਿ ਇਹ ਦੂਸਰੀ ਕਾਨਫਰੰਸ ਵੀ ਪਹਿਲੀ ਕਾਨਫਰੰਸ ਵਾਂਗ ਇਸ ਇਲਾਕੇ ਦੇ ਮਜ਼ਦੂਰਾਂ ਅਤੇ ਆਮ ਲੋਕਾਂ ਦੇ ਸਹਿਯੋਗ ਨਾਲ ਹੀ ਆਯੋਜਿਤ ਕੀਤੀ ਜਾ ਰਹੀ ਹੈ। ਇਸ ਵਿਚ ਭਾਵੇਂ ਅਸੀਂ ਸਿਆਸੀ ਪਾਰਟੀਆਂ ਜਾਂ ਹੋਰ ਸਿਆਸੀ ਵਿਅਕਤੀਆਂ ਨੂੰ ਵੀ ਸੱਦਾ ਦਿੱਤਾ ਹੈ ਪਰ ਸਾਡੇ ਇਸ ਕਾਰਜ ਵਾਸਤੇ ਕਿਸੇ ਵੀ ਸਰਕਾਰੀ ਅਦਾਰੇ ਜਾਂ ਕਿਸੇ ਧਨੀ ਵਿਅਕਤੀ ਦੀ ਸਹਾਇਤਾ ਨਹੀਂ ਲਈ ਗਈ। ਇਹ ਸੱਭ ਕੁਝ ਪ੍ਰਿੰਸ ਜਾਰਜ ਅਤੇ ਆਲੇ ਦੁਆਲੇ ਦੇ ਪੰਜਾਬੀ ਭਾਈਚਾਰੇ ਦੀ ਮਿਹਨਤ ਦਾ ਸਦਕਾ ਹੈ। ਇਸ ਨੂੰ ਆਯੋਜਿਤ ਕਰਨ ਦਾ ਸੇਹਰਾ ਸਾਊਥ ਏਸ਼ੀਅਨ ਰਿਵੀਊ ਅਤੇ ਸਾਹਿਤ ਸਭਾ ਪ੍ਰਿੰਸ ਜਾਰਜ ਦੇ ਅਣਥੱਕ ਮੈਂਬਰਾਂ ਸਿਰ ਹੈ ਜਿਨ੍ਹਾਂ ਦੀ ਅਣਥੱਕ ਮਿਹਨਤ ਸਦਕਾ ਹੀ ਇਹ ਹੋਇਆ ਹੈ। ਮੈਂ ਉਨ੍ਹਾਂ ਦੀ ਜਾਣ ਪਛਾਣ ਇਸ ਇਕੱਠ ਨਾਲ ਕਰਾਕੇ ਮਾਣ ਮਹਿਸੂਸ ਕਰਾਂਗਾ

ਪਰਧਾਨਃ ਵਿਜੈ ਕਪਿਲਾ
ਮੀਤ ਪਰਧਾਨਃ ਸੁੱਚਾ ਦੀਪਕ
ਦੂਜਾ ਮੀਤ ਪਰਧਾਨਃ ਪਰਮਜੀਤ ਸਿੰਘ ਸੰਧੂ
ਖਜ਼ਾਨਚੀਃ ਹਰਦੀਪ ਸਿੰਘ ਸੰਘੇੜਾ
ਸਕੱਤਰਃ ਨਗੀਨਾ ਸਿੰਘ ਬੰਗੜ
ਮੈਂਬਰਃ ਮਹਿੰਦਰ ਸਿਆਨ, ਬਲਦੇਵ ਗਿੱਲ, ਬਲਰਾਮ ਪਰਹਾਰ, ਸ਼ਿਵ ਸਿੰਘ ਗਰਚਾ, ਲਾਲ ਸਿੰਘ, ਮਹਿੰਦਰਪਾਲ ਸਿੱਧੂ, ਨਵਦੀਪ ਕਲੇਰ

ਮੈਂ ਬਹੁਤ ਮਾਣ ਨਾਲ ਆਪਣੇ ਸਹਿਯੋਗੀ ਵਿਰਾਸਤ ਫਾਂਊਡੇਸ਼ਨ ਦੇ ਪਰਧਾਨ, ਜਿਨ੍ਹਾਂ ਨੂੰ ਜਾਣ ਪਛਾਣ ਦੀ ਲੋੜ ਤਾਂ ਨਹੀਂ ਪਰ ਫਿਰ ਵੀ ਉਨ੍ਹਾਂ ਦੀ ਜਾਣ ਪਛਾਣ ਕਰਾਉਣੀ ਚਾਹੁੰਦਾ ਹਾਂ, ਭੁਪਿੰਦਰ ਸਿੰਘ ਮਲ੍ਹੀ ਜਿਨ੍ਹਾਂ ਨੂੰ ਕੋਈ ਬਿਮਾਰੀ, ਕੋਈ ਥਕਾਵਟ ਜਾਂ ਕੋਈ ਹੋਰ ਰੁਕਾਵਟ ਇਸ ਕੰਮ ਨੂੰ ਕਰਨ ਵਿਚ ਰੋਕ ਨਹੀਂ ਪਾ ਸਕੀ। ਉਨ੍ਹਾਂ ਦਾ ਦ੍ਰਿੜ ਇਰਾਦਾ, ਨੇਕ ਨੀਤੀ ਅਤੇ ਲੋਕਾਂ ਦਾ ਵਿਸ਼ਵਾਸ ਉਨ੍ਹਾਂ ਦੇ ਅਕੀਦੇ ਨੂੰ ਹੋਰ ਵੀ ਪੱਕਿਆਂ ਕਰਨ ਵਿਚ ਸਹਾਈ ਹੋਏ ਹਨ। ਮੈਂ ਉਨ੍ਹਾਂ ਦਾਨਿਸ਼ਵਰ ਮਿਤਰਾਂ ਦਾ ਵੀ ਧੰਨਵਾਦ ਕਰਨਾਂ ਚਾਹੁੰਦਾ ਹਾਂ ਜਿਨ੍ਹਾਂ ਨੇ ਇਸ ਕਾਰਜ ਨੂੰ ਦੁਨੀਆ ਭਰ ਵਿਚ ਪਹੁੰਚਾਣ ਵਾਸਤੇ ਸਾਡੀ ਸਹਾਇਤਾ ਕੀਤੀ। ਉਹ ਹਨ ਃ

ਭਾਰਤਃ ਡਾਕਟਰ ਕਰਨੈਲ ਸਿੰਘ ਥਿੰਦ, ਜਨਮੇਜਾ ਸਿੰਘ ਜੌਹਲ, ਪਰੋਫੈਸਰ ਨਿਰਦੋਸ਼ ਕੌਰ
ਪਾਕਿਸਤਾਨਃ ਪਰੋਫੈਸਰ ਬੀਬੀ ਅਫਜ਼ਲ ਤੌਸੀਫ
ਸਵੀਡਨਃ ਆਸਿਫ ਸ਼ਾਹਕਾਰ
ਇੰਗਲੈਂਡਃ ਅਜਮੇਰ ਕਵੈਂਟਰੀ,ਹਰਬਿੰਦਰ ਸਮਰਾ,ਪਰੋਫੈਸਰ ਮੋਤਾ ਸਿੰਘ ਸਰਾਂ, ਮਜ਼ਹਰ ਤਿਰਮਜ਼ੀ
ਸਿੰਘਾਪੁਰਃ ਲਛਮਣ ਸਿੰਘ
ਆਸਟਰੇਲੀਆਃ ਨਵਦੀਪ ਸਿੰਘ ਸਿੱਧੂ
ਅਮਰੀਕਾਃ ਡਾਕਟਰ ਮੰਜ਼ੂਰ ਇਜਾਜ਼, ਡਾਕਟਰ ਸਵਰਾਜ ਸਿੰਘ
ਕਨੇਡਾਃ ਮੇਜਰ ਮਾਂਗਟ, ਨਜ਼ੀਰ ਕਹੂਟ, ਗੁਰਦੀਪ ਵਿਨੀਪੈਗ

ਅਸੀਂ ਇਥੇ ਲੱਕੜ ਮਿਲ੍ਹਾਂ ਵਿਚ ਮਜ਼ਦੂਰਾਂ ਦੀ ਯੂਨੀਅਨ ਆਈ. ਡਬਲਯੂ. ਏ. - ਕਨੇਡਾ, ਲੋਕਲ ੧-੪੨੪ ਦਾ ਅਤੇ ਉਸਦੇ ਹੁਣੇ ਚੁਣੇ ਪਰਧਾਨ ਫਰੈਂਕ ਐਵਰਟ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਸਾਨੂੰ ਹਰ ਤਰਾਂ ਦਾ ਸਹਿਯੋਗ ਦਿਤਾ।

ਆਖੀਰ ਵਿਚ ਇਸ ਯੁਨੀਵਰਸਿਟੀ ਦੀ ਵਿਦਿਆਰਥੀ ਯੂਨੀਅਨ ਦੀ ਪਰਧਾਨ ਸ਼ੈਰਨ ਸਮਿਥ ਦਾ ਸਾਡਾ ਸਾਥ ਦੇਣ ਦਾ ਬਹੁਤ ਬਹੁਤ ਧੰਨਵਾਦ

ਆਏ ਹੋਏ ਸਾਹਿਤਕਾਰੋ, ਚਿੰਤਕੋ, ਲਿਖਾਰੀਓ, ਵਿਦਵਾਨੋ ਅਤੇ ਪੱਤਰਕਾਰੋ ਇਸ ਮੌਕੇ ਇਸ ਕਾਨਫਰੰਸ ਨੂੰ ਇਕ ਚੁਣੌਤੀ ਦੇ ਤੌਰ ਲੈਂਦੇ ਹੋਏ ਆਓ ਇਸ ਕਾਨਫਰੰਸ ਵਿਚ ਉੱਠੇ ਮੁੱਦਿਆਂ ਨੂੰ ਗੰਭੀਰਤਾ ਨਾਲ ਵਿਚਾਰ ਕਰੀਏ, ਸਾਡੇ ਕੌਮ ਦੇ ਪੇਸ਼ ਆ ਰਹੇ ਮਸਲਿਆਂ ਦੇ ਹੱਲ ਲੱਭੀਏ ਤਾਂ ਜੋ ਇਹ ਕਾਨਫਰੰਸ ਸਾਰਥਿਕ ਅਤੇ ਇਤਿਹਾਸਿਕ ਹੋ ਨਿੱਬੜੇ। ਤੁਹਾਡਾ ਇਸ ਗੋਸ਼ਟੀ ਵਿਚ ਹਿੱਸਾ ਪਾਉਣਾਂ ਇਕ ਸ਼ੁਭ ਸ਼ਗਨ, ਸ਼ੁਭ ਸੰਕੇਤ ਅਤੇ ਸ਼ੁਭ ਸੁਨੇਹਾ ਹੈ।

ਇਕ ਬਾਰ ਫੇਰ ਜੀ ਆਇਆਂ ਨੂੰ !!

ਸੁੱਚਾ ਸਿੰਘ ਦੀਪਕ

ਸੰਚਾਲਕ
ਵਿਸ਼ਵ ਪੰਜਾਬੀ ਕਾਨਫਰੰਸ

ਸੰਪਾਦਕ
ਸਾਊਥ ਏਸ਼ੀਅਨ ਰੀਵੀਊ